ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 12 ਦਸੰਬਰ ਵੀਰਵਾਰ 2024

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ






Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਚੜ੍ਹਦੀਕਲਾ ਗਰੁੱਪ ਆਫ਼ ਪਬਲੀਕੇਸ਼ਨਜ਼ ਵੱਲੋਂ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਸਨਮਾਨ





ਬਰੈਂਪਟਨ 12 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) – ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀਆਂ ਸੇਵਾਵਾਂ ਬਦਲੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਰੇ ਪ੍ਰੋਗਰਾਮਾਂ ਦੀਆਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦੇਸ਼ਾਂ ਵਿਦੇਸ਼ਾਂ ਤੋਂ ਮਿਲ ਰਹੀਆਂ ਹਨ। ਇਸੇ ਸੰਬੰਧੀ ਪਿਛਲੇ ਦਿਨੀਂ ਜਦੋਂ ਡਾਕਟਰ ਦਲਬੀਰ ਸਿੰਘ ਕਥੂਰੀਆ ਪੰਜਾਬ ਦੇ ਦੌਰੇ ਤੇ ਸਨ ਤਾਂ ਚੜ੍ਹਦੀਕਲਾ ਗਰੁੱਪ ਆਫ਼ ਪਬਲੀਕੇਸ਼ਨਜ਼ ਦੇ ਐਮ.ਡੀ ਸਰਦਾਰ ਜਗਜੀਤ ਸਿੰਘ ਦਰਦੀ ਨੇ ਡਾਕਟਰ ਦਲਵੀਰ ਸਿੰਘ ਕਥੂਰੀਆ ਨੂੰ ਵਿਸ਼ੇਸ਼ ਤੌਰ ਤੇ ਪਟਿਆਲਾ ਵਿਖੇ ਸਨਮਾਨਿਤ ਕੀਤਾ ਅਤੇ ਭਵਿੱਖ ਵਿੱਚ ਵਿਸ਼ਵ ਪੰਜਾਬੀ ਸਭਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਉਹਨਾਂ ਵਿਸ਼ਵ ਪੰਜਾਬੀ ਸਭਾ ਦੀ ਭਾਰਤ ਚੇਅਰਮੈਨ ਬਲਵੀਰ ਕੌਰ ਰਾਏਕੋਟੀ ਨੂੰ ਵੀ ਸਨਮਾਨਿਤ ਕੀਤਾ।






## ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋਂ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।
















# ਪਿਕਸ ਅਸਿਸਟਡ ਲਿਵਿੰਗ ਸੋਸਾਇਟੀ ਦੇ ਬਜ਼ੁਰਗਾਂ ਨੂੰ ਮਿਲੀ ਇਲੈਕਟ੍ਰਿਕ ਬੱਸ ਦੀ ਸਹੂਲਤ




ਸਰੀ, 12 ਦਸੰਬਰ (ਹਰਦਮ ਮਾਨ)- ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ (ਪਿਕਸ) ਸਰੀ ਵੱਲੋਂ ਪਿਕਸ ਅਸਿਸਟਡ ਲਿਵਿੰਗ ਫੈਸਿਲਿਟੀ ਦੇ ਬਜ਼ੁਰਗਾਂ ਲਈ ਨਵੀਂ ਇਲੈਕਟ੍ਰਿਕ ਬੱਸ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਇਸ ਬੱਸ ਲਈ ਸਿਹਤ ਮੰਤਰਾਲੇ ਅਤੇ ਫਰੇਜ਼ਰ ਹੈਲਥ ਵੱਲੋਂ ਫੰਡਿੰਗ ਕੀਤੀ ਗਈ ਹੈ। ਦਸੰਬਰ 2023 ਵਿੱਚ ਇਸ ਹਰੀ ਪਹਿਲਕਦਮੀਦਾ ਵਾਅਦਾ ਕੀਤਾ ਗਿਆ ਸੀ, ਜੋ ਹੁਣ ਅਧਿਕਾਰਤ ਤੌਰ 'ਤੇ ਸਹੂਲਤ ਦੇ ਰੂਪ ਵਿੱਚ ਮਿਲਿਆ ਹੈ।

ਦੱਸਿਆ ਗਿਆ ਹੈ ਕਿ ਸੂਬਾਈ ਅਤੇ ਕੈਨੇਡੀਅਨ ਸਰਕਾਰਾਂ ਦੇ ਸਮਰਥਨ ਨਾਲ਼ ਬ੍ਰਿਟਿਸ਼ ਕੋਲੰਬੀਆ ਬਜ਼ੁਰਗਾਂ ਲਈ ਅਵਾਜਾਈ ਸਾਧਨਾਂ ਦੇ ਬਿਜਲੀਕਰਨ ਨੂੰ ਤੇਜ਼ ਕਰ ਰਿਹਾ ਹੈ ਅਤੇ ਇਸ ਦਾ ਉਦੇਸ਼ ਉਹਨਾਂ ਦੀ ਪਹੁੰਚ ਯੋਗਤਾ ਨੂੰ ਵਧਾਉਣਾ ਅਤੇ ਵਾਤਾਵਰਣ 'ਤੇ ਪੈ ਰਹੇ ਮਾੜੇ ਪ੍ਰਭਾਵ ਨੂੰ ਘਟਾਉਣਾ ਹੈ। ਪਿਕਸ 'ਤੇ ਇਲੈਕਟ੍ਰਿਕ ਬੱਸ ਦਾ ਮੇਲ ਸੀਨੀਅਰ ਨਿਵਾਸੀਆਂ ਲਈ ਜੀਵਨ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਕਰੇਗਾ, ਜਿਸ ਨਾਲ਼ ਉਹ ਸੈਰ-ਸਪਾਟੇ ਵਿੱਚ ਹਿੱਸਾ ਲੈਣ ਅਤੇ ਸਥਾਨਕ ਭਾਈਚਾਰੇ ਨਾਲ਼ ਆਪਣੀ ਸਾਂਝ ਵਧੇਰੇ ਪਕੇਰੀ ਕਰ ਸਕਣਗੇ। ਪਿਕਸ ਸੋਸਾਇਟੀ ਦੇ ਸੀ.ਈ.ਓ. ਸਤਬੀਰ ਸਿੰਘ ਚੀਮਾ ਨੇ ਕਿਹਾ ਹੈ ਕਿ ਇਹ ਉਦਾਰ ਤੋਹਫ਼ਾ ਸਾਡੇ ਪਿਆਰੇ ਬਜ਼ੁਰਗਾਂ ਦੀ ਗਤੀਸ਼ੀਲਤਾ ਵਿੱਚ ਮਹੱਤਵਪੂਰਨ ਵਾਧਾ ਕਰੇਗਾ। ਇਸ ਇਲੈਕਟ੍ਰਿਕ ਬੱਸ ਨਾਲ਼ ਵਸਨੀਕਾਂ ਨੂੰ ਭਾਈਚਾਰਕ ਸ਼ਮੂਲੀਅਤ ਅਤੇ ਸਮਾਜਿਕ ਭਾਗੀਦਾਰੀ ਲਈ ਵਧੇਰੇ ਮੌਕੇ ਮਿਲਣਗੇ, ਜਿਸ ਨਾਲ਼ ਉਹ ਆਪਣੇ ਜੀਵਨ ਨੂੰ ਖੁਸ਼ ਰੱਖਣ ਲਈ ਸੈਰ-ਸਪਾਟੇਅਤੇ ਹੋਰ ਗਤੀਵਿਧੀਆਂ ਦਾ ਆਨੰਦ ਮਾਣ ਸਕਣਗੇ। ਉਨ੍ਹਾਂ ਪਿਕਸ ਸੋਸਾਇਟੀ ਵੱਲੋਂ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ ਅਤੇ ਬੀ.ਸੀ. ਦੇ ਸਾਬਕਾ ਸਿਹਤ ਮੰਤਰੀ ਐਡਰੀਅਨ ਡਿਕਸ ਦਾ ਧੰਨਵਾਦ ਕੀਤਾ।

ਪਿਕਸ ਪ੍ਰਸ਼ਾਸਕ ਇੰਦਰਜੀਤ ਹੁੰਦਲ ਨੇ ਇਸ ਇਲੈਕਟ੍ਰਿਕ ਬੱਸ ਦੀ ਸਹੂਲਤ ਦਾ ਸੁਆਗਤ ਕਰਦਿਆਂ ਕਿਹਾ ਕਿ ਇਹ ਸਹੂਲਤ ਸਾਡੇ ਬਜ਼ੁਰਗਾਂ ਨੂੰ ਜ਼ਿਆਦਾ ਗਤੀਸ਼ੀਲਤਾ ਪ੍ਰਦਾਨ ਕਰਨ ਦੇ ਨਾਲ਼-ਨਾਲ਼ ਭਾਈਚਾਰੇ ਦੇ ਹਰੇ ਭਰੇ ਭਵਿੱਖ ਵੱਲ ਸਾਡੀ ਪਹਿਲਕਦਮੀ ਨੂੰ ਵੀ ਦਰਸਾਉਂਦੀ ਹੈ।




## ਡਾ.ਬਲਜਿੰਦਰ ਸੇਖੋਂ ਨੂੰ ਸਦਮਾ, ਨੌਜਵਾਨ ਪੋਤਰੇ ਦਾ ਦਿਹਾਂਤ



ਟੋਰਾਂਟੋ 12 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਉੱਘੇ ਤਰਕਸ਼ੀਲ ਆਗੂ ਅਤੇ ਸਾਬਕਾ ਕੀਟ ਵਿਗਿਆਨੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਹਾਲ ਆਬਾਦ ਬਰੈਂਪਟਨ ਡਾ. ਬਲਜਿੰਦਰ ਸਿੰਘ ਸੇਖੋਂ (ਬੋੜਾਵਾਲ) ਦੇ ਨੌਜਵਾਨ ਪੋਤਰੇ ਹਰਮਨ ਸਿੰਘ ਸੇਖੋਂ (21) ਪੁੱਤਰ ਹਰਪ੍ਰੀਤ ਸੇਖੋਂ ਰਿਆਲਟਰ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਹਰਮਨ ਦੀ ਮੌਤ ਨਾਲ ਸੇਖੋਂ ਪਰਿਵਾਰ ਨੂੰ ਇੱਕ ਗਹਿਰਾ ਸਦਮਾ ਲੱਗਿਆ। ਉੱਥੇ ਹੀ ਇਸ ਨੌਜਵਾਨ ਦੀ ਮੌਤ ਨਾਲ ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਵੀ ਸੋਗ ਦੀ ਲਹਿਰ ਦੌੜ ਗਈ ਹੈ। 8 ਜੂਨ 2003 ਨੂੰ ਜਨਮੇਂ ਹਰਮਨ ਸੇਖੋਂ 7 ਦਸੰਬਰ 2024 ਨੂੰ ਇਸ ਫ਼ਾਨੀ ਦੁਨੀਆਂ ਤੋਂ ਵਿਦਾ ਹੋ ਗਏ।

ਹਰਮਨ ਸੇਖੋਂ ਦਾ ਅੰਤਿਮ ਸਸਕਾਰ 15 ਦਸੰਬਰ ਦਿਨ ਐਤਵਾਰ ਸਵੇਰ ਦੇ 9 ਤੋਂ 11 ਵਜ਼ੇ ਤੱਕ ਬਰੈਂਪਟਨ ਕਰੀਮੇਟੋਰੀਅਮ ਅਤੇ ਵਿਜੀਟੇਸਨ ਸੈਂਟਰ 30 ਬਰੈਂਪਟਨ ਕੋਰਟ, ਬਰੈਂਪਟਨ ਵਿਖੇ ਹੋਵੇਗਾ। ਜਿਸਦੇ ਉਪਰੰਤ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ ਦੁਪਹਿਰ 12 ਤੋਂ 2 ਵਜ਼ੇ ਤੱਕ ਸ੍ਰੀ ਗੁਰੂ ਸਿੰਘ ਸਭਾ ਮੈਲਟਨ 7280 ਏਅਰਪੋਰਟ ਰੋਡ, ਮਿਸੀਸਾਗਾ ਵਿਖੇ ਹੋਵੇਗੀ।

ਇਸ ਨੌਜਵਾਨ ਦੀ ਮੌਤ ਤੇ ਵੱਖ ਵੱਖ ਸਾਹਿਤਕ, ਸਿਆਸੀ ਅਤੇ ਸਮਾਜਿਕ ਆਗੂਆਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਭਾਰਤ ਦੇ ਆਗੂ, ਐਕਸਲ ਰੈਂਟਲ ਤੋਂ ਗੁਰਬਿੰਦਰ ਸਿੰਘ ਨੀਟੂ ਬਰਾੜ, ਸੇਰਬਾਜ ਸਿੰਘ ਬਰਾੜ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ, ਅਜੀਤ ਦੇ ਪੱਤਰਕਾਰ ਹਰਜੀਤ ਬਾਜਵਾ, ਪੀਲ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸਤਪਾਲ ਸਿੰਘ ਜੌਹਲ, ਹਰਜੀ ਬਾਜਵਾ, ਡਾਕਟਰ ਦਰਸ਼ਨਦੀਪ ਅਰੋੜਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਦੁਖੀ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਇਸ ਤੋਂ ਇਲਾਵਾ ਰੇਡੀਓ ਸਰਗਮ ਤੋਂ ਡਾ. ਬਲਵਿੰਦਰ, ਸੰਦੀਪ ਕੌਰ,ਪੰਜਾਬੀ ਲਹਿਰਾਂ ਤੋਂ ਸਰਦਾਰ ਸਤਿੰਦਰਪਾਲ ਸਿੰਘ ਸਿੱਧਵਾਂ, ਨਵੀਂ ਸਿੱਧੂ,ਇੰਨਡੈਕਸ ਤੋਂ ਹਰਦੀਪ ਸਿਵੀਆ, ਜਸ ਸਿੱਧੂ,ਮੇਜਰ ਨਾਗਰਾ, ਸਰਦਾਰ ਜਸਵਿੰਦਰ ਸਿੰਘ ਬਿੱਟਾ, ਹੈਰੀ ਸਿੱਧੂ, ਸਰਦਾਰ ਪ੍ਰਿਤਪਾਲ ਸਿੰਘ, ਬਲਜਿੰਦਰ ਸ਼ੇਖਾਂ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋਂ ਦੇ ਸਮੂਹ ਮੈਂਬਰਾਂ ਵੱਲੋਂ ਵੀ ਡਾ. ਸ਼ੇਖੋਂ ਦੇ ਪ੍ਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ । ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਡਾਕਟਰ ਬਲਜਿੰਦਰ ਸਿੰਘ ਸੇਖੋ +1 (905) 781-1197, ਸ.ਹਰਪ੍ਰੀਤ ਸੇਖੋਂ +1 (416) 458-4062 ਤੇ ਸੰਪਰਕ ਕੀਤਾ ਜਾ ਸਕਦਾ।







BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# ਗ਼ਜ਼ਲ ਮੰਚ ਸਰੀ ਵੱਲੋਂ ਕਰਵਾਏ 'ਕਾਵਿਸ਼ਾਰ' ਪ੍ਰੋਗਰਾਮ ਵਿਚ 30 ਕਵੀਆਂ ਨੇ ਸਿਰਜਿਆ ਖ਼ੂਬਸੂਰਤ ਕਾਵਿਕ ਮਾਹੌਲ

ਸਰੀ, 12 ਦਸੰਬਰ (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਵੱਲੋਂ ਵੈਨਕੂਵਰ ਖੇਤਰ ਦੇ ਕਵੀਆਂ ਅਤੇ ਵਿਸ਼ੇਸ਼ ਕਰ ਕੇ ਉੱਭਰ ਰਹੇ ਕਵੀਆਂ ਨੂੰ ਇਕ ਮੰਚ 'ਤੇ ਪੇਸ਼ ਕਰਨ ਲਈ 'ਕਾਵਿਸ਼ਾਰ' ਪ੍ਰੋਗਰਾਮ ਕਰਵਾਇਆ ਗਿਆ। ਫਲੀਟਵੁੱਡ ਕਮਿਊਨਿਟੀ ਹਾਲ, ਸਰੀ ਵਿਚ ਕਰਵਾਏ ਇਸ ਪ੍ਰੋਗਰਾਮ ਵਿਚ 30 ਨਵੇਂ ਅਤੇ ਪੁਰਾਣੇ ਕਵੀਆਂ ਨੇ ਕਵਿਤਾ ਦੇ ਵੱਖ ਵੱਖ ਰੰਗਾਂ ਨਾਲ਼ ਬਹੁਤ ਹੀ ਦਿਲਕਸ਼ ਕਾਵਿਕ ਮਾਹੌਲ ਸਿਰਜਿਆ।

ਇਸ ਕਾਵਿਸ਼ਾਰ ਵਿੱਚ ਜਿੱਥੇ ਮੋਹਨ ਗਿੱਲ, ਪ੍ਰੋ. ਹਰਿੰਦਰ ਕੌਰ ਸੋਹੀ, ਮਹਿੰਦਰਪਾਲ ਸਿੰਘ ਪਾਲ, ਇੰਦਰਜੀਤ ਧਾਮੀ, ਦਰਸ਼ਨ ਦੋਸਾਂਝ, ਡਾ. ਸੁਖਵਿੰਦਰ ਵਿਰਕ, ਮੀਨੂੰ ਬਾਵਾ, ਡਾ. ਸੁਖਬੀਰ ਬੀਹਲਾ, ਪ੍ਰੀਤਪਾਲ ਅਟਵਾਲ ਪੂਨੀ, ਵੀਤ ਬਾਦਸ਼ਾਹਪੁਰੀ, ਸੁੱਖ ਧਾਲੀਵਾਲ, ਮੰਗਤ ਕੁਲਜਿੰਦ, ਜਸਬੀਰ ਮਾਨ, ਸੁੱਖੀ ਢਿੱਲੋਂ, ਅਕਾਸ਼ਦੀਪ ਛੀਨਾ, ਡਾ. ਦਵਿੰਦਰ ਕੌਰ, ਮਨਰਾਜ ਹਸਨ ਅਤੇ ਸ਼ਾਨ ਗਿੱਲ ਵਰਗੇ ਸ਼ਾਇਰ ਪੇਸ਼ ਹੋਏ ਉੱਥੇ ਹੀ ਅਰਨਵ ਗੌਤਮ, ਮਹਿਕਪ੍ਰੀਤ ਧਾਲੀਵਾਲ, ਨੂਰ ਬੱਲ, ਕੁਲਵਿੰਦਰ ਕੌਰ, ਮਨਜਿੰਦਰ ਸਿੰਘ ਫਤਹਿ ਘੁੰਮਣ, ਪ੍ਰੇਮ ਦੀਪ, ਰੂਬੀ ਔਲਖ, ਸਕਸ਼ੈ ਕਪੂਰ, ਨਵਦੀਪ ਬਰਾੜ, ਸੁਖਪ੍ਰੀਤ ਬੱਧਨ, ਅਯੂਸ਼ ਅਰੋੜਾ ਅਤੇ ਪ੍ਰੀਤ ਬੈਂਸ ਜਿਹੇ ਨਵੇਂ ਸ਼ਾਇਰਾਂ ਨੇ ਆਪਣੀਆਂ ਕਵਿਤਾਵਾਂ, ਗੀਤਾਂ, ਸ਼ਿਅਰਾਂ ਨਾਲ ਆਪਣੀ ਕਾਵਿਕ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਸਰੋਤਿਆਂ ਵੱਲੋਂ ਸਾਰੇ ਕਵੀਆਂ ਨੂੰ ਮਾਣਦਿਆਂ ਭਰਵੀਆਂ ਤਾੜੀਆਂ ਨਾਲ਼ ਦਾਦ ਦਿੱਤੀ ਗਈ। ਪ੍ਰੋਗਰਾਮ ਦੇ ਆਗਾਜ਼ ਵਿਚ ਮੰਚ ਸੰਚਾਲਨ ਕਰਦਿਆਂ ਰਾਜਵੰਤ ਰਾਜ ਨੇ ਕਾਵਿਸ਼ਾਰ ਬਾਰੇ ਦੱਸਦਿਆਂ ਕਿਹਾ ਕਿ ਸਾਡੇ ਬਹੁਤ ਸਾਰੇ ਸਹਿਯੋਗੀਆਂ ਵੱਲੋਂ ਇਹ ਮਲਾਲ ਜ਼ਾਹਰ ਕੀਤਾ ਜਾਂਦਾ ਸੀ ਕਿ ਗ਼ਜ਼ਲ ਮੰਚ ਸਿਰਫ਼ ਗ਼ਜ਼ਲਕਾਰਾਂ ਨੂੰ ਹੀ ਆਪਣੇ ਸਾਲਾਨਾ ਮੁਸ਼ਾਇਰੇ ਵਿਚ ਪੇਸ਼ ਕਰਦਾ ਹੈ ਅਤੇ ਹੋਰ ਰੂਪਾਂ ਵਿਚ ਲਿਖਣ ਵਾਲ਼ੇ ਕਵੀਆਂ ਨੂੰ ਨਹੀਂ। ਉਨ੍ਹਾਂ ਕਿਹਾ ਕਿ ਮੰਚ ਦਾ ਅਜਿਹਾ ਮਕਸਦ ਉੱਕਾ ਹੀ ਨਹੀਂ ਸਗੋਂ ਮੰਚ ਵਿੱਚ ਕਵਿਤਾ ਦੇ ਵੱਖ ਵੱਖ ਰੂਪਾਂ ਵਿਚ ਰਚਨਾ ਕਰਨ ਵਾਲ਼ੇ ਕਵੀਆਂ ਦਾ ਵੀ ਓਨਾ ਹੀ ਸਤਿਕਾਰ ਹੈ। ਉਨ੍ਹਾਂ ਦੱਸਿਆ ਕਿ ਕਾਵਿਸ਼ਾਰ ਦਾ ਉਦੇਸ਼ ਸਾਰੇ ਕਵੀਆਂ ਨੂੰ ਇਕ ਪਲੇਟਫਾਰਮ 'ਤੇ ਪੇਸ਼ ਕਰਨਾ ਅਤੇ ਵਿਸ਼ੇਸ਼ ਕਰ ਕੇ ਉੱਭਰ ਰਹੇ ਕਵੀਆਂ ਨੂੰ ਆਪਣੀ ਕਾਵਿ-ਕਲਾ ਦਾ ਇਜ਼ਹਾਰ ਕਰਨ ਲਈ ਮੰਚ ਪ੍ਰਦਾਨ ਕਰਨਾ ਹੈ।



ਮੰਚ ਦੇ ਪ੍ਰਧਾਨ ਜਸਵਿੰਦਰ ਨੇ ਆਪਣੇ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਕਾਵਿਸ਼ਾਰ ਵਿੱਚ ਪੇਸ਼ ਹੋਏ ਸਾਰੇ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ ਹਨ। ਸਾਡਾ ਮਨੋਰਥ ਸੀ ਕਿ ਗ਼ਜ਼ਲ ਮੰਚ ਸਿਰਫ ਗ਼ਜ਼ਲ ਤੱਕ ਹੀ ਸੀਮਤ ਨਾ ਰਹੇ ਕਿਉਂਕਿ ਵੈਨਕੂਵਰ ਖ਼ੇਤਰ ਵਿੱਚ ਗ਼ਜ਼ਲ ਤੋਂ ਇਲਾਵਾ ਹੋਰਨਾਂ ਰੂਪਾਂ ਵਿਚ ਕਵਿਤਾ ਰਚਨ ਵਾਲਿਆਂ ਦੀ ਕੋਈ ਘਾਟ ਨਹੀਂ, ਤੇ ਅੱਜ ਕਾਵਿਸ਼ਾਰ ਵਿੱਚ ਸ਼ਾਮਲ ਹੋਏ ਕਵੀਆਂ ਨੇ ਸਾਡੇ ਪਹਿਲੇ ਯਤਨ ਨੂੰ ਜਿਸ ਸੰਜੀਦਗੀ ਨਾਲ਼ ਹੁੰਗਾਰਾ ਦਿੱਤਾ ਹੈ, ਸਾਨੂੰ ਲੱਗਦਾ ਹੈ ਕਿ ਅਸੀਂ ਆਪਣੇ ਯਤਨ ਵਿੱਚ ਸਫਲ ਹੋਏ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਮੰਚ ਵੱਲੋਂ ਕੋਸ਼ਿਸ਼ ਰਹੇਗੀ ਕਿ ਭਵਿੱਖ ਵਿੱਚ ਕਾਵਿਸ਼ਾਰ ਪ੍ਰੋਗਰਾਮ ਨੂੰ ਪੰਜਾਬ ਵਿਚ ਹਰ ਸਾਲ ਨਾਭਾ ਸ਼ਹਿਰ ਵਿਚ ਹੁੰਦੇ 'ਕਵਿਤਾ ਉਤਸਵ' ਵਾਂਗ ਪ੍ਰਫੁੱਲਤ ਅਤੇ ਹਰਮਨ ਪਿਆਰਾ ਬਣਾਇਆ ਜਾਵੇ।

ਕਾਵਿਸ਼ਾਰ ਪ੍ਰੋਗਰਾਮ ਦਾ ਮੰਚ ਸੰਚਾਲਨ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਕੀਤਾ। ਇਸ ਮੌਕੇ ਮੰਚ ਵੱਲੋਂ ਸਾਰੇ ਕਵੀਆਂ ਨੂੰ ਯਾਦਗਾਰੀ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਪ੍ਰਿਥੀਪਾਲ ਸੋਹੀ, ਡਾ. ਅਮਰਜੀਤ ਭੁੱਲਰ, ਕ੍ਰਿਸ਼ਨ ਭਨੋਟ, ਨਰਿੰਦਰ ਭਾਗੀ, ਸੁਖਜੀਤ ਕੌਰ, ਗੁਰਮੀਤ ਸਿੱਧੂ, ਪ੍ਰੀਤ ਮਨਪ੍ਰੀਤ, ਜਸਦੀਪ ਮਾਨ, ਪਰਤਾਪ (ਰੀਜਾਇਨਾ), ਨਵਜੋਤ ਢਿੱਲੋਂ, ਬਿੱਕਰ ਸਿੰਘ ਖੋਸਾ ਅਤੇ ਦਰਸ਼ਨ ਸੰਘਾ ਨੇ ਵੀ ਸਮੁੱਚੇ ਕਾਵਿਕ ਮਾਹੌਲ ਨੂੰ ਮਾਣਿਆਂ।












# ਕੌਣ ਹੈ ਇਹ YouTuber? ਜਿਸ ਨੇ 119 ਕਰੋੜ ਰੁਪਏ ਖਰਚ ਕੇ ਬਣਵਾ ਦਿੱਤਾ ਨਵਾਂ 'ਸ਼ਹਿਰ'



ਟੋਰਾਂਟੋ, 12 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਕੰਸਾਸ ਦੇ ਰਹਿਣ ਵਾਲੇ ਜਿੰਮੀ ਸਟੀਫਨ ਡੋਨਾਲਡਸਨ ਉਰਫ ਮਿਸਟਰ ਬੀਸਟ, ਦੁਨੀਆ ਦਾ ਸਭ ਤੋਂ ਵੱਡੇ ਯੂਟਿਊਬਰ ਹਨ। ਉਨ੍ਹਾਂ ਨੇ ਹਾਲ ਹੀ 'ਚ ਆਪਣੇ ਨਵੇਂ ਰਿਐਲਿਟੀ ਸ਼ੋਅ 'ਬੀਸਟ ਗੇਮਜ਼' ਦਾ ਐਲਾਨ ਕੀਤਾ ਹੈ, ਜੋ 19 ਦਸੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੇ ਲਈ ਯੂਟਿਊਬਰ ਨੇ ਟੋਰਾਂਟੋ ਵਿੱਚ ਇੱਕ ਸ਼ਾਨਦਾਰ ਸੈੱਟ ਤਿਆਰ ਕੀਤਾ ਹੈ, ਜੋ ਕਿ ਕਿਸੇ 'ਮਿੰਨੀ ਸਿਟੀ' ਤੋਂ ਘੱਟ ਨਹੀਂ ਹੈ। 14 ਮਿਲੀਅਨ ਡਾਲਰ (ਲਗਭਗ 119 ਕਰੋੜ ਰੁਪਏ) ਦੀ ਲਾਗਤ ਨਾਲ ਬਣੇ ਇਸ ਸੈੱਟ 'ਤੇ ਬਹੁਤ ਜਲਦ ਪ੍ਰਤੀਭਾਗੀ ਇਕ-ਦੂਜੇ ਨਾਲ ਮੁਕਾਬਲਾ ਕਰਦੇ ਨਜ਼ਰ ਆਉਣਗੇ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸ਼ੋਅ ਦੇ ਸੈੱਟ ਦੀਆਂ ਤਸਵੀਰਾਂ ਵੀ ਸ਼ੇਅਰ ਕੀਤੀਆਂ ਹਨ, ਜਿਨ੍ਹਾਂ ਨੂੰ ਦੇਖ ਕੇ ਲੋਕ ਦੰਗ ਰਹਿ ਗਏ ਹਨ।

'ਬੀਸਟ ਗੇਮਜ਼' ਸ਼ੋਅ ਦੇ ਬਾਰੇ 'ਚ ਇਕ ਯੂਜ਼ਰ ਨੇ ਕੁਮੈਂਟ ਕੀਤਾ, ਸਿਰਫ 25 ਮਿੰਟ ਦੀ ਵੀਡੀਓ ਲਈ ਪਾਣੀ ਵਾਂਗ ਪੈਸਾ ਖਰਚ ਕਰਨਾ ਸਹੀ ਨਹੀਂ ਹੈ। ਇਸ 'ਤੇ ਮਿਸਟਰ ਬੀਸਟ ਨੇ ਜਵਾਬ ਦਿੱਤਾ, ਇਹ ਸਿਰਫ 25 ਮਿੰਟ ਦੀ ਵੀਡੀਓ ਨਹੀਂ ਹੈ, ਸਗੋਂ ਪੂਰੇ 10 ਐਪੀਸੋਡਸ ਦਾ ਸ਼ੋਅ ਹੈ, ਜਿਸ ਨੂੰ ਤੁਸੀਂ ਅਗਲੇ ਹਫਤੇ ਤੋਂ ਐਮਾਜ਼ਾਨ ਪ੍ਰਾਈਮ 'ਤੇ ਦੇਖਣ ਜਾ ਰਹੇ ਹੋ।

**ਸ਼ੋਅ ਬਣਾਉਣ ਲਈ ਕਿੰਨਾ ਖਰਚਾ ਆਇਆ?**

ਮਿਸਟਰ ਬੀਸਟ ਨੇ ਹਾਲ ਹੀ 'ਚ ਇਕ ਇੰਟਰਵਿਊ 'ਚ ਦੱਸਿਆ ਕਿ ਇਸ ਸ਼ੋਅ ਨੂੰ ਬਣਾਉਣ 'ਚ ਕੁੱਲ 100 ਮਿਲੀਅਨ ਡਾਲਰ (ਕਰੀਬ 850 ਕਰੋੜ ਰੁਪਏ) ਖਰਚ ਹੋਏ ਹਨ। ਇੰਨਾ ਹੀ ਨਹੀਂ ਇਸਨੇ 40 ਤੋਂ ਜ਼ਿਆਦਾ ਵਰਲਡ ਰਿਕਾਰਡ ਵੀ ਬਣਾਏ ਹਨ।

**ਦੁਨੀਆ ਦੇ ਸਭ ਤੋਂ ਵੱਡੇ ਯੂਟਿਊਬਰ**

ਜਿੰਮੀ ਦੇ ਯੂਟਿਊਬ ਚੈਨਲ 'ਤੇ ਹੁਣ ਤੱਕ 335 ਮਿਲੀਅਨ ਸਬਸਕ੍ਰਾਈਬਰ ਹਨ, ਜਿਸ ਨਾਲ ਉਹ ਦੁਨੀਆ ਦੇ ਸਭ ਤੋਂ ਵੱਡਾ ਯੂਟਿਊਬਰ ਬਣੇ ਹੋਏ ਹਨ। ਉਹ ਆਪਣੀਆਂ ਵੀਡੀਓਜ਼ ਵਿੱਚ ਗਿਵਅਵੇ ਲਈ ਜਾਣੇ ਜਾਂਦੇ ਹਨ।

**ਇਸ ਤਰ੍ਹਾਂ ਸ਼ੁਰੂ ਹੋਇਆ ਯੂਟਿਊਬ ਦਾ ਸਫ਼ਰ**

7 ਮਈ, 1998 ਨੂੰ ਕੰਸਾਸ ਤੇ ਵਿਚੀਟਾ ਵਿੱਚ ਜਨਮੇ, ਜਿੰਮੀ ਨੇ 'ਯੂਟਿਊਬ 'ਵਰਸਟ ਇੰਟਰੋਜ਼ ਆਨ ਯੂਟਿਊਬ' ਟਾਈਟਲ ਵਾਲਾ ਇੱਕ ਵੀਡੀਓ ਪੋਸਟ ਕੀਤਾ ਸੀ। ਇੱਥੋਂ ਹੀ ਉਹ ਪ੍ਰਸਿੱਧ ਹੋ ਗਏ ਅਤੇ ਫਿਰ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। 19 ਫਰਵਰੀ, 2012 ਨੂੰ, ਉਨ੍ਹਾਂ ਨੇ ਆਪਣਾ ਪਹਿਲਾ ਯੂਟਿਊਬ ਚੈਨਲ ਬਣਾਇਆ। 2016 ਵਿੱਚ, ਉਨ੍ਹਾਂ ਨੇ ਇੱਕ ਫੁੱਲ-ਟਾਈਮ YouTuber ਬਣਨ ਲਈ ਕਾਲਜ ਛੱਡ ਦਿੱਤਾ।

ਮਿਸਟਰ ਬੀਸਟ ਨੇ 2014 ਵਿੱਚ ਟਵਿੱਟਰ ਜੁਆਇੰਨ ਕੀਤਾ ਸੀ। ਇੱਥੇ ਉਨ੍ਹਾਂ ਦੇ 31.3 ਮਿਲੀਅਨ ਫਾਲੋਅਰਜ਼ ਹਨ। ਜਦਕਿ ਇੰਸਟਾਗ੍ਰਾਮ 'ਤੇ 63.1 ਮਿਲੀਅਨ ਲੋਕ ਫਾਲੋ ਕਰਦੇ ਹਨ।

# ਹਵਾ ਵਿੱਚ ਸੀ ਜਹਾਜ਼, ਪਾਇਲਟ ਦੇ ਕੈਬਿਨ ਵਿੱਚ ਪਹੁੰਚਿਆ ਯਾਤਰੀ ਅਤੇ ਅਮਰੀਕਾ ਵੱਲ ਮੋੜਨ ਲੱਗਾ ਹੈਂਡਲ ... ਫਿਰ...



ਮੈਕਸੀਕੋ, 12 ਦਸੰਬਰ(ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਮੈਕਸੀਕੋ ਤੋਂ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ ਜਿੱਥੇ ਇਕ 31 ਸਾਲਾ ਯਾਤਰੀ ਨੇ ਜਹਾਜ਼ ਨੂੰ ਜ਼ਬਰਦਸਤੀ ਅਮਰੀਕਾ ਵੱਲ ਲਿਜਾਣ ਦੀ ਕੋਸ਼ਿਸ਼ ਕੀਤੀ। ਮੈਕਸੀਕਨ ਅਧਿਕਾਰੀਆਂ ਅਤੇ ਏਅਰਲਾਈਨ ਵੋਲਾਰਿਸ ਦੇ ਅਨੁਸਾਰ, ਐਤਵਾਰ ਸਵੇਰੇ ਇੱਕ ਮੈਕਸੀਕਨ ਘਰੇਲੂ ਉਡਾਣ ਨੂੰ ਹਾਈਜੈਕ ਕਰਨ ਅਤੇ ਇਸਨੂੰ ਸੰਯੁਕਤ ਰਾਜ ਅਮਰੀਕਾ ਵੱਲ ਮੋੜਨ ਦੀ ਕੋਸ਼ਿਸ਼ ਕਰਨ ਲਈ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਹਾਈਜੈਕਰ ਦਾ ਨਾਂ ਕੇਲ ਮਾਰੀਓ ਐਨ ਦੱਸਿਆ ਹੈ, ਜਿਸ ਨੇ ਸੋਮਵਾਰ ਸਵੇਰੇ ਲਿਓਨ ਤੋਂ ਤਿਜੁਆਨਾ ਜਾਣ ਵਾਲੀ ਘਰੇਲੂ ਉਡਾਣ ਨੂੰ ਹਾਈਜੈਕ ਕਰਕੇ ਅਮਰੀਕਾ ਲੈ ਜਾਣ ਦੀ ਕੋਸ਼ਿਸ਼ ਕੀਤੀ। ਜਹਾਜ਼ ਦੇ ਉਡਾਣ ਭਰਨ ਤੋਂ ਬਾਅਦ, ਵਿਅਕਤੀ ਨੇ ਫਲਾਈਟ ਅਟੈਂਡੈਂਟ 'ਤੇ ਹਮਲਾ ਕੀਤਾ ਅਤੇ ਕਾਕਪਿਟ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ।

**ਨੈਸ਼ਨਲ ਗਾਰਡ ਨੇ ਕੀਤਾ ਗ੍ਰਿਫਤਾਰ**

ਜਹਾਜ਼ ਦੇ ਪਾਇਲਟ ਨੇ ਜਹਾਜ਼ ਨੂੰ ਗਵਾਡਲਜਾਰਾ ਵੱਲ ਮੋੜ ਦਿੱਤਾ, ਜਿੱਥੇ ਮੈਕਸੀਕਨ ਨੈਸ਼ਨਲ ਗਾਰਡ ਨੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਸੁਰੱਖਿਆ ਅਧਿਕਾਰੀ ਅਜੇ ਵੀ ਪੂਰੀ ਘਟਨਾ ਦੀ ਜਾਂਚ ਕਰ ਰਹੇ ਹਨ, ਪਰ ਅਜੇ ਤੱਕ ਅਜਿਹਾ ਕਰਨ ਵਾਲੇ ਵਿਅਕਤੀ ਦੇ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹੈ। ਮੈਕਸੀਕੋ ਦੇ ਕੇਂਦਰੀ ਸੁਰੱਖਿਆ ਵਿਭਾਗ ਨੇ ਕਿਹਾ ਕਿ ਏਅਰਲਾਈਨ ਸਟਾਫ ਨੇ ਦੱਸਿਆ ਕਿ ਉਸ ਵਿਅਕਤੀ ਨੇ ਕਿਹਾ ਸੀ ਕਿ ਉਸ ਦੇ ਕਰੀਬੀ ਰਿਸ਼ਤੇਦਾਰ ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਫਲਾਈਟ ਤੋਂ ਥੋੜ੍ਹੀ ਦੇਰ ਪਹਿਲਾਂ ਉਸ ਨੂੰ ਤਿਜੁਆਨਾ ਦੀ ਯਾਤਰਾ ਕਰਨ ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ।

**ਪਤਨੀ ਅਤੇ ਬੱਚਿਆਂ ਨਾਲ ਕਰ ਰਿਹਾ ਸੀ ਯਾਤਰਾ**

ਅਧਿਕਾਰੀਆਂ ਨੇ ਦੱਸਿਆ ਕਿ ਕੇਲ ਮਾਰੀਓ ਐਨ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਜਹਾਜ਼ 'ਚ ਸਫਰ ਕਰ ਰਿਹਾ ਸੀ। ਜਿਸ ਕਾਰਨ ਇਸ ਨੂੰ ਅੱਤਵਾਦੀ ਘਟਨਾ ਵਜੋਂ ਨਹੀਂ ਦੇਖਿਆ ਜਾ ਰਿਹਾ ਹੈ, ਉਥੇ ਹੀ ਕੁਝ ਲੋਕ ਵਿਅਕਤੀ ਦੀ ਮਾਨਸਿਕ ਸਥਿਤੀ 'ਤੇ ਵੀ ਸਵਾਲ ਖੜ੍ਹੇ ਕਰ ਰਹੇ ਹਨ। ਹਾਲਾਂਕਿ, ਗਵਾਡਲਜਾਰਾ ਵਿੱਚ ਸ਼ੱਕੀ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ, ਜਹਾਜ਼ ਨੇ ਤਿਜੁਆਨਾ ਲਈ ਆਪਣੀ ਯਾਤਰਾ ਮੁੜ ਸ਼ੁਰੂ ਕੀਤੀ। ਵੋਲਾਰਿਸ ਏਅਰਲਾਈਨ ਨੇ ਆਪਣੇ ਬਿਆਨ 'ਚ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਯਾਤਰੀ ਨੂੰ ਕਾਨੂੰਨ ਦਾ ਪੂਰਾ ਸਾਹਮਣਾ ਕਰਨਾ ਪਏ।

# ਸੁਪਰੀਮ ਕੋਰਟ ਨੇ ਪਤੀ-ਪਤਨੀ ਦੇ ਤਲਾਕ ਨੂੰ ਦਿੱਤੀ ਮਨਜ਼ੂਰੀ, ਪਤਨੀ ਨੂੰ 5 ਕਰੋੜ ਰੁਪਏ ਦਾ ਗੁਜਾਰਾ ਭੱਤਾ ਦੇਵੇ ਪਤੀ

ਨਵੀਂ ਦਿੱਲੀ, 12 ਦਸੰਬਰ(ਜਸਵਿੰਦਰ ਸਿੰਘ ਬਿੱਟਾ)-ਸੁਪਰੀਮ ਕੋਰਟ ਨੇ ਇੱਕ ਵਿਆਹੁਤਾ ਵਿਵਾਦ ਮਾਮਲੇ ਵਿੱਚ ਆਪਣੀ ਤਰਫੋਂ ਤਲਾਕ ਦਿੰਦੇ ਹੋਏ ਪਤੀ ਨੂੰ ਪਤਨੀ ਨੂੰ ਇੱਕਮੁਸ਼ਤ ਸਮਝੌਤੇ ਵਜੋਂ 5 ਕਰੋੜ ਰੁਪਏ ਦਾ ਗੁਜਾਰਾ ਭੱਤਾ ਦੇਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਪਤੀ ਨੂੰ ਆਪਣੇ 23 ਸਾਲਾ ਪੁੱਤਰ ਦੇ ਪਾਲਣ-ਪੋਸ਼ਣ ਅਤੇ ਵਿੱਤੀ ਸੁਰੱਖਿਆ ਲਈ 1 ਕਰੋੜ ਰੁਪਏ ਦਾ ਵੱਖਰਾ ਪ੍ਰਬੰਧ ਕਰਨ ਲਈ ਵੀ ਕਿਹਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਇਸ ਮਾਮਲੇ 'ਚ ਪਤੀ-ਪਤਨੀ ਵਿਆਹ ਤੋਂ ਬਾਅਦ ਸਿਰਫ ਪੰਜ-ਛੇ ਸਾਲ ਹੀ ਇਕੱਠੇ ਰਹੇ ਸਨ। ਉਹ ਕਰੀਬ 20 ਸਾਲਾਂ ਤੋਂ ਵੱਖ ਰਹਿ ਰਹੇ ਹਨ। ਜਦੋਂ ਉਹ ਇਕੱਠੇ ਰਹਿੰਦੇ ਸਨ, ਉਦੋਂ ਵੀ ਉਨ੍ਹਾਂ ਦੇ ਰਿਸ਼ਤਾ ਚੰਗੇ ਨਹੀਂ ਸੀ। ਦੋਵਾਂ ਨੇ ਇਕ-ਦੂਜੇ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਹੁਣ ਦੋਵਾਂ ਵਿਚਾਲੇ ਸਬੰਧਾਂ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਲਈ ਧਾਰਾ 142 ਤਹਿਤ ਮਿਲੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਦਾਲਤ ਨੇ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਵਿਆਹ ਨੂੰ ਭੰਗ ਕਰਨ ਦੀ ਇਜਾਜ਼ਤ ਦੇ ਦਿੱਤੀ।

**ਪਤਨੀ ਨੂੰ 5 ਕਰੋੜ ਰੁਪਏ ਦਾ ਗੁਜ਼ਾਰਾ ਭੱਤਾ ਦਿਓ- ਸੁਪਰੀਮ ਕੋਰਟ**

ਹਾਲਾਂਕਿ, ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਪਤੀ ਦੁਬਈ ਵਿੱਚ ਇੱਕ ਬੈਂਕ



ਵਿੱਚ ਸੀ.ਈ.ਓ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ ਅਤੇ ਉਸਦੀ ਤਨਖਾਹ ਲਗਭਗ 10 ਤੋਂ 12 ਲੱਖ ਰੁਪਏ ਪ੍ਰਤੀ ਮਹੀਨਾ ਹੈ। ਪਤਨੀ ਬੇਰੁਜ਼ਗਾਰ ਹੈ। ਇਸ ਲਈ 5 ਕਰੋੜ ਰੁਪਏ ਦੀ ਰਕਮ ਇਕਮੁਸ਼ਤ ਦੇਣੀ ਬਿਹਤਰ ਹੋਵੇਗੀ।

**ਪੁੱਤਰ ਲਈ 1 ਕਰੋੜ ਰੁਪਏ ਦਾ ਵੱਖਰਾ ਪ੍ਰਬੰਧ - ਸੁਪਰੀਮ ਕੋਰਟ**

ਸੁਪਰੀਮ ਕੋਰਟ ਨੇ ਕਿਹਾ ਕਿ ਇਕਮੁਸ਼ਤ ਗੁਜਾਰੇ ਭੱਤੇ ਦੀ ਰਕਮ ਦਾ ਇਸ ਤਰ੍ਹਾਂ ਤੈਅ ਕੀਤੀ ਜਾਣੀ ਚਾਹੀਦੀ ਹੈ ਕਿ ਪਤੀ ਨੂੰ ਸਜ਼ਾ ਨਾ ਦਿੱਤੀ ਜਾਵੇ ਸਗੋਂ ਪਤਨੀ ਲਈ ਵਧੀਆ ਜੀਵਨ ਪੱਧਰ ਯਕੀਨੀ ਬਣਾਇਆ ਜਾ ਸਕੇ। ਅਜਿਹੇ 'ਚ ਬੇਟਾ ਭਾਵੇਂ ਬਾਲਗ ਹੋ ਗਿਆ ਹੈ ਅਤੇ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰ ਚੁੱਕਾ ਹੈ, ਫਿਰ ਵੀ ਉਸ ਦੀ ਦੇਖਭਾਲ ਕਰਨਾ ਪਿਤਾ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਅੱਜ ਦੇ ਮੁਕਾਬਲੇ ਦੇ ਦੌਰ ਵਿੱਚ ਇੰਜਨੀਅਰਿੰਗ ਦੀ ਡਿਗਰੀ ਰੁਜ਼ਗਾਰ ਦੀ ਗਾਰੰਟੀ ਨਹੀਂ ਹੈ। ਅਜਿਹੇ 'ਚ ਬੇਟੇ ਲਈ 1 ਕਰੋੜ ਰੁਪਏ ਦੀ ਵੱਖਰੀ ਰਾਸ਼ੀ ਦਾ ਇੰਤਜ਼ਾਮ ਕਰਨਾ ਬਿਹਤਰ ਹੋਵੇਗਾ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

# ਹਰਿਆਣਾ 'ਚ ਸਿਆਸੀ ਪਾਰਟੀ ਨਹੀਂ ਲੜ੍ਹ ਸਕੇਗੀ ਗੁਰਦੁਆਰਾ ਚੋਣਾਂ, ਅਕਾਲੀ ਦਲ ਫੈਸਲੇ ਨੂੰ ਦੇਵੇਗਾ ਚੁਣੌਤੀ

ਚੰਡੀਗੜ੍ਹ,12 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ ਦਲਜੀਤ ਸਿੰਘ ਚੀਮਾ ਨੇ ਹਰਿਆਣਾ ਵਿਚ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਚੋਣਾਂ ਲੜਨ ਤੋਂ ਰੋਕਣ ਲਈ ਰਚੀ ਜਾ ਰਹੀ ਸਾਜ਼ਿਸ਼ ਦੀ ਨਿਖੇਧੀ ਕਰਦਿਆਂ ਕਾਨੂੰਨੀ ਲੜਾਈ ਲੜ੍ਹਨ ਦਾ ਐਲਾਨ ਕੀਤਾ ਹੈ। ਚੀਮਾ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਇਕ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਲੋਕ ਪ੍ਰਤੀਨਿਧ ਐਕਟ ਦੀ ਧਾਰਾ 29 ਏ ਤਹਿਤ ਭਾਰਤੀ ਚੋਣ ਕਮਿਸ਼ਨ ਕੋਲ ਰਜਿਸਟਰਡ ਸਾਰੀਆਂ ਪਾਰਟੀਆਂ ਲਈ ਇਹ ਚੋਣਾਂ ਲੜਨ 'ਤੇ ਪਾਬੰਦੀ ਲਗਾ ਦਿੱਤੀ ਹੈ। ਉਹਨਾਂ ਕਿਹਾ ਕਿ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਅਜਿਹੀ ਪਾਰਟੀ ਚੋਣ ਲੜਨ ਵਾਸਤੇ ਸਮੂਹ ਨਹੀਂ ਬਣਾ ਸਕਦੀ ਤੇ ਨਾ ਹੀ ਚੋਣ ਨਿਸ਼ਾਨ ਵਾਸਤੇ ਅਪਲਾਈ ਕਰ ਸਕਦੀ ਹੈ। ਇਸ ਨੋਟੀਫਿਕੇਸ਼ਨ ਨੂੰ ਗੈਰ ਕਾਨੂੰਨੀ ਤੇ ਗੈਰ ਸੰਵਿਧਾਨਕ ਕਰਾਰ ਦਿੰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਹਿਲਾਂ ਵੀ ਦਿੱਲੀ ਸਰਕਾਰ ਨੇ ਅਜਿਹਾ ਹੀ ਨੋਟੀਫਿਕੇਸ਼ਨ ਜਾਰੀ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲੜਨ ਤੋਂ ਰੋਕਣ ਦਾ ਯਤਨ ਕੀਤਾ ਸੀ ਪਰ ਪਾਰਟੀ ਨੇ ਹਾਈ ਕੋਰਟ ਕੋਲ ਪਹੁੰਚ ਕੀਤੀ। ਅਦਾਲਤ ਨੇ ਕਿਹਾ ਕਿ ਇਹ ਇਕ ਧਰਮ ਨਿਰਪੱਖ ਅਧਿਕਾਰ ਹੈ ਜਿਸਨੂੰ ਖੋਹਿਆ ਨਹੀਂ ਜਾ ਸਕਦਾ।

ਚੀਮਾ ਨੇ ਹਰਿਆਣਾ ਗੁਰਦੁਆਰਾ ਕਮਿਸ਼ਨ ਨੂੰ ਅਪੀਲ



ਕੀਤੀ ਕਿ ਇਹ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ ਅਤੇ ਕਿਹਾ ਕਿ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਅਸੀਂ ਅਦਾਲਤਾਂ ਕੋਲ ਪਹੁੰਚ ਕਰਾਂਗੇ ਕਿਉਂਕਿ ਇਹ ਸਾਡੇ ਲੋਕਤੰਤਰੀ ਹੱਕ 'ਤੇ ਹਮਲਾ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਹਰਿਆਣਾ ਸਰਕਾਰ ਨੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋੜਨ ਵਾਸਤੇ ਐਕਟ ਲਿਆਂਦਾ ਅਤੇ ਹਰਿਆਣਾ ਵਿਚ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਇਸ ਵੱਲੋਂ ਬਣਾਈ ਕਮੇਟੀ ਹਵਾਲੇ ਕਰ ਦਿੱਤਾ। ਉਹਨਾਂ ਕਿਹਾ ਕਿ ਇਹ ਐਕਟ ਵੀ ਉਦੋਂ ਲਿਆਂਦਾ ਗਿਆ ਜਦੋਂ ਗੁਰਦੁਆਰਾ ਐਕਟ 1925 ਹਾਲੇ ਵੀ ਲਾਗੂ ਹੈ। ਉਹਨਾਂ ਕਿਹਾ ਕਿ ਅਜਿਹੇ ਗੈਰ ਕਾਨੂੰਨੀ ਕਦਮ ਚੁੱਕਣ ਦੇ ਬਾਵਜੂਦ ਹਾਲੇ ਵੀ ਹਰਿਆਣਾ ਸਰਕਾਰ ਨੂੰ ਅਕਾਲੀ ਦਲ ਦਾ ਡਰ ਹੈ ਅਤੇ ਉਹ ਅਕਾਲੀ ਦਲ ਨੂੰ ਚੋਣਾਂ ਤੋਂ ਦੂਰ ਰੱਖਣ ਦਾ ਯਤਨ ਕਰ ਰਹੀ ਹੈ।




# 20 ਸਾਲਾ ਸਿੱਖ ਵਿਦਿਆਰਥੀ ਦੇ ਕਤਲ ਨਾਲ ਭਾਈਚਾਰੇ 'ਚ ਪਸਰੀ ਸੋਗ ਦੀ ਲਹਿਰ

ਵਿਨੀਪੈੱਗ 12 ਦਸੰਬਰ, (ਵਿਸ਼ਵ ਪੰਜਾਬੀ ਸਾਂਝ ਕੈਨੇਡਾ),(ਨਵਨੀਤ ਕੌਰ)- ਬੀਤੇ ਸ਼ੁੱਕਰਵਾਰ ਐਡਮਿੰਟਨ 'ਚ ਸਕਿਉਰਿਟੀ ਗਾਰਡ ਦੀ ਡਿਊਟੀ ਕਰਦੇ ਇਕ 20 ਸਾਲਾ ਸਿੱਖ ਨੌਜਵਾਨ ਹਰਸ਼ਨਦੀਪ ਨੂੰ ਗੋਲੀ ਮਾਰ ਕੇ ਮਾਰ ਦਿੱਤੇ ਜਾਣ ਦੀ ਘਟਨਾ ਨੇ ਪੰਜਾਬੀ ਭਾਈਚਾਰੇ ਦੇ ਹਿਰਦੇ ਵਲੂੰਧਰ ਸੁੱਟੇ ਹਨ।ਇਕ ਤਾਂ ਨਵੇਂ ਨਵੇਂ ਕਾਨੂੰਨਾਂ ਕਾਰਨ ਵਿਦਿਆਰਥੀ ਵੈਸੇ ਹੀ ਤਣਾਅ ਭਰੇ ਮਹੌਲ ਵਿਚੋਂ ਲੰਘ ਰਹੇ ਹਨ ਉਪਰੋਂ ਇਹੋ ਜਿਹੀਆਂ ਵਾਰਦਾਤਾਂ ਉਹਨਾਂ ਦੇ ਸੁਪਨਿਆਂ ਅਤੇ ਜ਼ਿੰਦਗੀਆਂ ਦਾ ਕਤਲ ਕਰ ਰਹੀਆਂ ਹਨ। ਸਾਹਮਣੇ ਆਈ ਸੀ.ਸੀ.ਟੀ.ਵੀ ਫੁਟੇਜ ਵਿਚ ਇਕ ਸਿੱਖ ਨੌਜਵਾਨ ਲੁਟੇਰਿਆਂ ਤੋਂ ਬਚਦਾ ਹੋਇਆ ਪੌੜੀਆਂ ਰਾਹੀਂ ਥੱਲੇ ਉੱਤਰਨ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ ਪਰ ਇਕ ਹਮਲਾਵਰ ਉਸ ਦੀ ਪਿੱਠ 'ਤੇ ਗੋਲੀ ਮਾਰ ਦਿੰਦਾ ਹੈ, ਵਿਚਾਰਾ ਨੌਜਵਾਨ ਥਾਏਂ ਹੀ ਪ੍ਰਾਣ ਤਿਆਗ ਦਿੰਦਾ ਹੈ।ਉਸਦੇ ਪਰਿਵਾਰ, ਸਕੇ ਸਬੰਧੀਆਂ, ਦੋਸਤਾਂ ਦਾ ਕੀ ਹਾਲ ਹੋਇਆ ਹੋਵੇਗਾ, ਉਸਦੇ ਵਰਣਨ ਲਈ ਸ਼ਬਦ ਥੋੜ੍ਹੇ ਪੈ ਜਾਣਗੇ। ਕੈਨੇਡਾ ਵਿਚ ਵਸਦੇ ਪੁਰਾਣੇ ਪੰਜਾਬੀ, ਸਿਆਸਤਦਾਨ, ਮੀਡੀਆ ਅਤੇ ਸਮਾਜ ਸੇਵੀਆਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਦੀ ਸੁਰੱਖਿਆ ਲਈ ਜ਼ਰੂਰ ਅਵਾਜ਼ ਬੁਲੰਦ ਕਰਨ। ਆਪਣਾ ਭਵਿੱਖ ਤਲਾਸ਼ਣ ਇੱਥੇ ਪਹੁੰਚੇ ਵਿਦਿਆਰਥੀਆਂ ਨੇ ਕੋਈ ਜੁਰਮ ਤਾਂ ਨਹੀਂ ਕੀਤਾ, ਉਹ ਲੱਖਾਂ ਰੁਪਏ ਖਰਚ ਕੇ ਪਤਾ ਨਹੀਂ ਘਰਦਿਆਂ ਦਾ ਕੀ ਕੁਝ ਵਿਕਵਾ ਕੇ ਅਤੇ ਆਈਲੈੱਟਸ ਵਰਗੀ ਪ੍ਰੀਖਿਆ ਵਿਚੋਂ ਪਾਸ ਹੋ ਕੇ ਕੈਨੇਡੀਅਨ ਕਾਨੂੰਨ ਦੀ ਪਾਲਣਾ ਕਰਦੇ ਹੋਏ ਪਹੁੰਚੇ ਹਨ, ਪਰ ਇੱਥੇ ਉਹਨਾਂ ਨਾਲ ਬਹੁਤ ਭੈੜਾ ਵਿਵਹਾਰ ਕੀਤਾ ਜਾ ਰਿਹਾ ਹੈ। ਇਹ ਵਿਦਿਆਰਥੀ ਥੋੜ੍ਹੀਆਂ ਥੋੜ੍ਹੀਆਂ ਉਮਰਾਂ ਦੇ ਹਨ ਅਤੇ ਆਪਣੀ ਜ਼ਿੰਦਗੀ ਦੀ ਸਥਾਪਤੀ ਲਈ ਸੰਘਰਸ਼ ਕਰ ਰਹੇ ਹਨ, ਇਹ ਦੇਸ਼ ਦੀ ਤਰੱਕੀ ਦਾ ਹਿੱਸਾ ਬਣ ਸਕਦੇ ਹਨ, ਇਹਨਾਂ ਨਾਲ ਇਹੋ ਜਿਹਾ ਵਿਵਹਾਰ ਠੀਕ ਨਹੀਂ ਹੈ।ਆਸ ਕਰਦੇ ਹਾਂ ਕਿ ਭਾਈਚਾਰੇ ਦੇ ਦਰਦਮੰਦ ਆਗੂ ਇਸ ਘਟਨਾ ਨੂੰ ਆਧਾਰ ਬਣਾ ਕੇ ਸਰਕਾਰ ਉੱਤੇ ਹੋਰ ਦਬਾਅ ਬਣਾਉਂਦੇ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬਹੁਪੱਖੀ ਰਾਹਤ ਅਤੇ ਇਨਸਾਫ਼ ਦਿਵਾਉਣਗੇ।ਦੂਜੇ ਪਾਸੇ ਇਥੇ ਵਿਦਿਆਰਥੀਆਂ ਨੂੰ ਵੀ ਸੁਝਾਅ ਦੇਣਾ ਚਾਹਾਂਗੇ ਕਿ ਉਹ ਸੁਰੱਖਿਅਤ ਥਾਵਾਂ ਉਤੇ ਹੀ ਜੌਬ ਕਰਨ ਨੂੰ ਪਹਿਲ ਦੇਣ। ਜਿਵੇਂ ਜਿਹੜੇ ਇਲਾਕੇ ਵਿਚ ਡਰੱਗੀਆਂ ਅਤੇ ਜ਼ਰਾਇਮ ਪੇਸ਼ਾ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜਾਂ ਜਿਥੇ ਸੁੰਨਮਸਾਨ ਇਲਾਕਾ ਹੈ, ਸਕਿਉਰਿਟੀ ਕੈਮਰੇ ਨਹੀਂ ਲੱਗੇ, ਉਥੇ ਜੌਬ ਕਰਨ ਤੋਂ ਗੁਰੇਜ਼ ਕਰਨ। ਜਦੋਂ ਵੀ ਕਦੇ ਸਕਿਉਰਿਟੀ ਦੀ ਜੌਬ ਕਰਦਿਆਂ ਕੋਈ ਹਮਲਾ ਹੁੰਦਾ ਹੈ ਤਾਂ ਉਥੇ ਮੁਕਾਬਲਾ ਕਰਨ ਨਾਲੋਂ ਆਪ ਸੁਰੱਖਿਅਤ ਹੋ ਕੇ ਪੁਲਿਸ ਨੂੰ ਸੂਚਿਤ ਕਰਨ ਨੂੰ ਪਹਿਲ ਦਿਓ। ਅਸੀਂ ਇਥੇ ਸਰਕਾਰ ਨੂੰ ਵੀ ਅਪੀਲ ਕਰਦੇ ਹਾਂ ਕਿ ਇਹੋ ਜਿਹੀਆਂ ਘਟਨਾਵਾ ਨੂੰ ਨੱਥ ਪਾਉਣ ਲਈ ਪੁਲਿਸ ਨਫਰੀ ਵਧਾਈ ਜਾਵੇ ਤੇ ਆਮ ਲੋਕਾਂ ਦੀ ਸੁਰੱਖਿਆ ਵਾਸਤੇ ਵਿਸ਼ੇਸ਼ ਉਪਰਾਲੇ ਅਰੰਭੇ ਜਾਣ। 10 ਦਸੰਬਰ ਨੂੰ ਕੈਨੇਡਾ ਨੇ ਮਨੁੱਖੀ ਅਧਿਕਾਰ ਦਿਵਸ ਮਨਾਇਆ ਤੇ ਜੇਕਰ ਇਹ ਦਿਵਸ ਮਨਾਉਣ ਵਾਲੇ ਦੇਸ਼ ਵਿਚ ਹੀ ਅਜਿਹੀਆਂ ਅਣਮਨੁੱਖੀ ਵਾਰਦਾਤਾਂ ਹੋਣ ਲੱਗ ਜਾਣ ਤਾਂ ਦੁਨੀਆਂ ਵਿਚ ਸੰਦੇਸ਼ ਗਲਤ ਜਾਵੇਗਾ। ਸੋ ਸਰਕਾਰ ਨੂੰ ਆਪਣੇ ਨਾਗਰਿਕਾਂ ਦੀ ਰੱਖਿਆ ਲਈ ਬਹੁਤ ਕੁਝ ਕਰਨ ਦੀ ਲੋੜ ਹੈ।






# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION- 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
NET WT POIDS NET 9.07 KG (20 LB)
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS